# ਨਮੂਨਾ ਮੁਲਾਂਕਣ ਪ੍ਰਸ਼ਨ-ਪੱਤਰ, ਮਾਰਚ 2021
## ਜਮਾਤ-ਪੰਜਵੀਂ
## ਪੰਜਾਬੀ

ਸਕੂਲ.........................................................................

ਵਿਦਿਆਰਥੀ ਦਾ ਨਾਂ:........................... ਕਲਾਸ.........................

ਰੋਲ ਨੰਬਰ:.................................. ਮਿਤੀ..........................

ਸਮਾਂ-3 ਘੰਟੇ ਕੁੱਲ ਅੰਕ- 80

1) **ਪੈਰੇ ਨੂੰ ਪੜ੍ਹ ਕੇ ਦਿੱਤੇ ਗਏ ਵਿਕਲਪਾਂ ਵਿੱਚੋਂ ਪ੍ਰਸ਼ਨਾਂ ਦੇ ਉੱਤਰ ਦਿਓ।** **(5*2=10 ਅੰਕ )**

**ਬੁੱਢੇ ਖ਼ਰਗੋਸ਼ ਨੂੰ ਡੱਬੇ ਖ਼ਰਗੋਸ਼ ਤੇ ਸਤਰੰਗੀ ਤਿਤਲੀ ਵਿਚਕਾਰ ਹੋਈ ਗੱਲ-ਬਾਤ ਦਾ ਕੁਝ ਪਤਾ ਨਹੀਂ ਸੀ।ਉਸ ਨੇ ਆਖਿਆ, "ਸਤਰੰਗੀ ਤਿਤਲੀਏ! ਤੈਨੂੰ ਇਹ ਕਹਿਣ ਦੀ ਕੀ ਲੋੜ ਪੈ ਗਈ ? ਅਸੀਂ ਤਾਂ ਸਭ ਦੇ ਦੋਸਤ ਹਾਂ, ਫੁੱਲਾਂ ਦੇ ਵੀ, ਤਿਤਲੀਆਂ ਦੇ ਵੀ। ਜੇ ਤਿਤਲੀਆਂ ਫੁੱਲਾਂ ਦਾ ਧੂੜਾ ਇੱਕ ਫੁੱਲ ਤੋਂ ਦੂਜੇ ਫੁੱਲ ਤੱਕ ਨਾ ਲੈ ਕੇ ਜਾਣ ਤਾਂ ਫੁੱਲਾਂ ਦੇ ਬੀਜ ਕਿਵੇਂ ਬਣਨ? ਫੁੱਲ ਕਿਵੇਂ ਖਿੜਨ? ਜੰਗਲ, ਟਾਪੂ ਸੋਹਣੇ ਕਿਵੇਂ ਲੱਗਣ? ਤੂੰ ਇੱਥੇ ਹੀ ਰਹਿ। ਅਸਲ ਵਿੱਚ ਇਹ ਤੇਰੀ ਹੀ ਥਾਂ ਹੈ।" ਡੱਬਾ ਖ਼ਰਗੋਸ਼ ਸ਼ਰਮਸਾਰ ਹੋਇਆ ਬੈਠਾ ਸੀ।**

**ਪ੍ਰਸ਼ਨ 1:- ਤਿਤਲੀਆਂ ਇੱਕ ਫੁੱਲ ਤੋਂ ਦੂਜੇ ਫੁੱਲ ਤੱਕ ਕੀ ਲੈ ਕੇ ਜਾਂਦੀਆਂ ਹਨ ?**

(ੳ) ਫੁੱਲਾਂ ਦੇ ਬੀਜ **(ਅ) ਫੁੱਲਾਂ ਦਾ ਧੂੜਾ**

(ੲ) ਫੁੱਲਾਂ ਦੀਆਂ ਪੱਤੀਆਂ (ਸ) ਇਹਨਾਂ ਵਿੱਚੋਂ ਕੋਈ ਨਹੀਂ

**ਪ੍ਰਸ਼ਨ 2:- ਇਹ ਪੈਰਾ ਕਿਸ ਪਾਠ ਵਿਚੋਂ ਲਿਆ ਗਿਆ ਹੈ?**

(ੳ) ਸਿਆਣੀ ਗੱਲ (ਅ) **ਸਤਰੰਗੀ ਤਿਤਲੀ**

(ੲ) ਸੁੰਢ ਤੇ ਹਲ਼ਦੀ (ਸ) ਅਸਲੀ ਸਿੱਖਿਆ

**ਪ੍ਰਸ਼ਨ 3:- ਹੇਠਾਂ ਲਿਖੇ ਸ਼ਬਦਾਂ ਵਿੱਚੋਂ ਕਿਹੜਾ ਸ਼ਬਦ ਨਾਂਵ ਹੈ?**

(ੳ) ਅਸੀਂ **(ਅ) ਤਿਤਲੀ**

(ੲ) ਤੇਰੀ (ਸ) ਇੱਥੇ

**ਪ੍ਰਸ਼ਨ 4:- ਹੇਠ ਲਿਖੇ ਵਾਕ ਵਿਚਲੇ ਢੁਕਵੇਂ ਸ਼ਬਦਾਂ ਦੇ ਵਚਨ ਬਦਲਕੇ ਸਹੀ ਵਿਕਲਪ ਦੱਸੋ ?**

**ਡੱਬਾ ਖ਼ਰਗੋਸ਼ ਸ਼ਰਮਸਾਰ ਹੋਇਆ ਬੈਠਾ ਸੀ।**

(ੳ) **ਡੱਬੇ ਖ਼ਰਗੋਸ਼ ਸ਼ਰਮਸਾਰ ਹੋਏ ਬੈਠੇ ਸਨ।**
(ਅ) ਡੱਬਾ ਖ਼ਰਗੋਸ਼ ਸ਼ਰਮਸਾਰ ਹੋਏ ਬੈਠਾ ਸੀ।
(ੲ)ਡੱਬੇ ਖ਼ਰਗੋਸ਼ ਸ਼ਰਮਸਾਰ ਹੋਇਆ ਬੈਠੇ ਸਨ।
(ਸ) ਡੱਬਾ ਖ਼ਰਗੋਸ਼ ਸ਼ਰਮਸਾਰ ਹੋਇਆ ਬੈਠੇ ਸਨ।

**ਪ੍ਰਸ਼ਨ 5:- ਹੇਠ ਲਿਖਿਆਂ ਵਿੱਚੋਂ ਕਿਹੜਾ ਵਾਕ ਸਹੀ ਹੈ?**

**(ੳ) ਅਸਲ ਵਿੱਚ ਇਹ ਤੇਰੀ ਹੀ ਥਾਂ ਹੈ।**

(ਅ) ਇਹ ਤੇਰੀ ਅਸਲ ਵਿੱਚ ਹੀ ਥਾਂ ਹੈ।

(ੲ) ਅਸਲ ਵਿੱਚ ਥਾਂ ਇਹ ਤੇਰੀਆਂ ਹੀ ਹੈ।

(ਸ) ਅਸਲ ਵਿੱਚ ਹੈ ਇਹ ਤੇਰੀ ਹੀ ਥਾਂਵਾਂ।

**2) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਈ ਸਹੀ ਵਿਕਲਪ ਕਿਹੜਾ ਹੋਵੇਗਾ? (15*2=30 ਅੰਕ)**

**ਪ੍ਰਸ਼ਨ 1. 'ਵਰਦਾਨ' ਸ਼ਬਦ ਦਾ ਕੀ ਅਰਥ ਹੈ ?**

(ੳ) ਦਾਨ **(ਅ) ਅਸ਼ੀਰਵਾਦ** (ੲ) ਵਾਰ (ਸ) ਇਹਨਾਂ ਵਿੱਚ ਕੋਈ ਨਹੀਂ

**ਪ੍ਰਸ਼ਨ 2. 'ਨੀਂਵੀਂ' ਦਾ'ਉੱਚੀ' ਨਾਲ਼ ਜੋ ਸੰਬੰਧ ਹੈ ਇਸੇ ਤਰ੍ਹਾਂ 'ਲਾਭ' ਦਾ ਸੰਬੰਧ ਕਿਸ ਨਾਲ਼ ਹੋਵੇਗਾ?**
**(ੳ)** ਫ਼ਾਇਦਾ **(ਅ) ਹਾਨੀ** (ੲ) ਚੰਗਾ (ਸ) ਇਹਨਾਂ ਵਿੱਚੋਂ ਕੋਈ ਨਹੀਂ

**ਪ੍ਰਸ਼ਨ 3. ਹੇਠ ਲਿਖੇ ਸ਼ਬਦਾਂ ਵਿੱਚੋਂ ਸ਼ਬਦ-ਕੋਸ਼ ਅਨੁਸਾਰ ਕਿਹੜਾ ਸਭ ਤੋਂ ਪਹਿਲਾਂ ਆਵੇਗਾ?**
**(**ੳ) ਸਿਰ (ਅ) ਸੜਕ (ੲ) ਸ਼ੌਂਕ **(ਸ) ਸਨ**

**ਪ੍ਰਸ਼ਨ 4. ਹੇਠ ਲਿਖਿਆਂ ਵਿੱਚੋਂ 'ਬਾਰਾਂਮਾਹਾ' ਪਾਠ ਕੀ ਹੈ ?**

(ੳ) ਗੀਤ (ਅ) ਕਾਵਿ-ਕਹਾਣੀ **(ੲ) ਕਵਿਤਾ** (ਸ) ਇਕਾਂਗੀ

**ਪ੍ਰਸ਼ਨ 5. ਸਤਰ ਪੂਰੀ ਕਰੋ।**

**ਪੁਰਜ਼ਾ-ਪੁਰਜ਼ਾ ਕਟ ਜਾਏ ਭਾਵੇਂ, ਅੱਖ 'ਚੋਂ ਨੀਰ ਨਾ ਚੋਵੇ।**
**ਸਿਰ ਜਾਂਦਾ ਤਾਂ ਬੇਸ਼ੱਕ ਜਾਵੇ,............................।**

(ੳ) ਹੱਥ ਨੀਵਾਂ ਨਾ ਹੋਵੇ **(ਅ) ਸਿਰ ਨੀਵਾਂ ਨਾ ਹੋਵੇ**
(ੲ) ਧੜ ਨੀਵਾਂ ਨਾ ਹੋਵੇ (ਸ) ਮੱਥਾ ਨੀਵਾਂ ਨਾ ਹੋਵੇ

**ਪ੍ਰਸ਼ਨ 6. ਨਿੱਕੇ ਹੁੰਦਿਆਂ ਰੇਸ਼ਮ ਦਾ ਕੀੜਾ ਕਿਹੋ ਜਿਹਾ ਹੁੰਦਾ ਹੈ ?**

(ੳ) ਸਰ੍ਹੋਂ ਦੇ ਦਾਣੇ ਵਰਗਾ
(ਅ) ਕਣਕ ਦੇ ਦਾਣੇ ਵਰਗਾ
(ੲ) ਮੱਕੀ ਦੇ ਦਾਣੇ ਵਰਗਾ
**(ਸ) ਚੌਲ਼ਾਂ ਦੇ ਦਾਣੇ ਵਰਗਾ**

**ਪ੍ਰਸ਼ਨ 7. ਕਿਹੜਾ ਵਾਕ ਬਣਤਰ ਪੱਖੋਂ ਸਹੀ ਹੈ?**

(ੳ) ਸੱਚਾ ਮਿੱਤਰ ਹੈ ਉਹ ਜੋ ਔਖੇ ਸਮੇਂ ਕੰਮ ਆਵੇ।
(ਅ) ਸੱਚਾ ਮਿੱਤਰ ਉਹ ਹੈ ਜੋ ਕੰਮ ਆਵੇ ਔਖੇ ਸਮੇਂ।
**(ੲ) ਸੱਚਾ ਮਿੱਤਰ ਉਹ ਹੈ ਜੋ ਔਖੇ ਸਮੇਂ ਕੰਮ ਆਵੇ।**
(ਸ) ਸੱਚਾ ਹੈ ਉਹ ਮਿੱਤਰ ਜੋ ਔਖੇ ਸਮੇਂ ਕੰਮ ਆਵੇ।

**ਪ੍ਰਸ਼ਨ 8. 'ਨੱਕ ਚਾੜ੍ਹਨਾ' ਦਾ ਕੀ ਅਰਥ ਹੈ?**

(ੳ) ਚੰਗਾ ਮਨਾਉਣਾ **(ਅ) ਬੁਰਾ ਮਨਾਉਣਾ** (ੲ) ਮਨ੍ਹਾ ਕਰਨਾ (ਸ) ਬਹੁਤ ਕੋਸ਼ਸ਼ ਕਰਨਾ

**ਪ੍ਰਸ਼ਨ 9. 'ਸਤਰੰਗੀ ਤਿਤਲੀ' ਪਾਠ ਤੋਂ ਕੀ ਸਿੱਖਿਆ ਮਿਲ਼ਦੀ ਹੈ?**

(ੳ) ਕਿਸੇ ਦਾ ਮਜ਼ਾਕ ਨਾ ਉਡਾਓ। (ਅ) ਕਿਸੇ ਨੂੰ ਕਮਜ਼ੋਰ ਨਾ ਸਮਝੋ।
(ਸ) ਹੰਕਾਰ ਨਾ ਕਰੋ। **(ਹ) ਉਪਰੋਕਤ ਸਾਰੇ।**

**ਪ੍ਰਸ਼ਨ 10. ਪੁਲਾੜ-ਖੋਜ ਦਾ ਵਿਸ਼ਵ ਪ੍ਰਸਿੱਧ ਕੇਂਦਰ ਕਿਹੜਾ ਹੈ?**

(ੳ) ਟੈਕਸਾਸ **(ਅ) ਨਾਸਾ** (ੲ) ਕਰਨਾਲ਼ (ਸ) ਉਪਰੋਕਤ ਵਿੱਚੋਂ ਕੋਈ ਨਹੀਂ

**ਪ੍ਰਸ਼ਨ 11. ਹੇਠ ਲਿਖਿਆਂ ਵਿੱਚੋਂ ਵਿਸ਼ੇਸ਼ਣ ਚੁਣੋ:-**

(ੳ) ਸਿੱਖਿਆ (ਅ) ਪਾਣੀ **(ੲ) ਜ਼ਿਆਦਾ** (ਸ) ਡੁੱਬਣਾ

**ਪ੍ਰਸ਼ਨ 12. ਕਿਹੜਾ ਸ਼ਬਦ-ਜੋੜ ਸਹੀ ਹੈ :-**

(ੳ) ਚੜਨਾ (ਅ) ਹਿੰਦ (ੲ) ਮੋਤ **(ਸ) ਵਾਂਗੂੰ**

**ਪ੍ਰਸ਼ਨ 13. ਤਿਲ-ਪੱਤਰਾ ਦੀ ਕਢਾਈ ............ ਹੁੰਦੀ ਹੈ। (ਖਾਲੀ ਥਾਂ ਲਈ ਸਹੀ ਵਿਕਲਪ ਚੁਣੋ।)**

(ੳ) **ਵਿਰਲੀ** (ਅ) ਸੰਘਣੀ (ੲ) ਨੀਲੇ ਰੰਗ ਦੀ (ਸ) ਲਾਲ ਰੰਗ ਦੀ

**ਪ੍ਰਸ਼ਨ 14. ਦੇਸੀ ਮਹੀਨਾ 'ਮੱਘਰ' ਕਿਹੜੇ ਅੰਗਰੇਜ਼ੀ ਮਹੀਨਿਆਂ ਵਿੱਚ ਆਉਂਦਾ ਹੈ?**

(ੳ) ਮਾਰਚ-ਅਪ੍ਰੈਲ **(ਅ) ਨਵੰਬਰ-ਦਸੰਬਰ** (ੲ) ਅਗਸਤ-ਸਤੰਬਰ (ਸ) ਮਈ-ਜੂਨ

**ਪ੍ਰਸ਼ਨ 15. 'ਪਠਾਨਕੋਟ' ਕਿਹੜੇ ਖੇਤਰ ਵਿੱਚ ਆਉਂਦਾ ਹੈ?**

(ੳ) **ਮਾਝਾ** (ਅ) ਮਾਲਵਾ (ੲ) ਦੁਆਬਾ (ਸ) ਇਹਨਾਂ ਵਿੱਚੋਂ ਕੋਈ ਨਹੀਂ

**3) ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਤਿੰਨ ਪ੍ਰਸ਼ਨਾਂ ਦੇ ਉੱਤਰ ਦਿਓ।ਹਰ ਪ੍ਰਸ਼ਨ ਦੇ ਦੋ ਅੰਕ ਹਨ। (3*2=6 ਅੰਕ)**

**(ੳ) ਛੋਟੇ ਸਾਹਿਬਜ਼ਾਦਿਆਂ ਦੇ ਨਾਂ ਲਿਖੋ?**

..........................................................................................

.......................................................................................

**ਅ) ਕਲਪਨਾ ਚਾਵਲਾ ਦਾ ਵਿਆਹ ਕਦੋਂ ਹੋਇਆ ਸੀ?**

................................................................................

................................................................................

**ੲ) ਸ਼ਾਰਦਾ ਭੈਣ ਜੀ ਦਾ ਹੱਥ ਕਿਸ ਨੇ ਫੜਿਆ ਹੋਇਆ ਸੀ ?**

................................................................................


................................................................................


**ਸ) ਸਾਰਾਗੜ੍ਹੀ ਵਿੱਚ ਕਿੰਨੇ ਸੈਨਿਕ ਸਨ ?**

................................................................................

................................................................................

**4) ਹੇਠ ਲਿਖੇ ਵਿਸ਼ੇ ਦੀ ਸਿਰਜਣਾਤਮਿਕ ਪਰਖ (ਮਾਈਂਡ ਮੈਪਿੰਗ) ਕਰੋ। ( 4*1=4 ਅੰਕ)**






5) ਹੇਠਾਂ ਲਿਖੇ ਸ਼ਬਦਾਂ ਦਾ ਕਿੱਤਿਆਂ ਨਾ.ਲ ਮਿਲਾਣ ਕਰੋ:- ( 4*1=4 ਅੰਕ)

| | |
|---|---|
| ਜੁਲਾਹਾ | ਮਰੀਜ਼ਾਂ ਦਾ ਇਲਾਜ ਕਰਨ ਵਾ.ਲਾ |
| ਅਧਿਆਪਕ | ਕੱਪੜੇ ਬੁਣਨ ਵਾ.ਲਾ |
| ਡਾਕਟਰ (ਵੈਦ) | ਚਮੜੇ ਦਾ ਕੰਮ ਕਰਨ ਵਾ.ਲਾ |
| ਮੋਚੀ | ਪੜ੍ਹਾਉਣ ਵਾ.ਲਾ |

6) ਹੇਠਾਂ ਦਿੱਤੀਆਂ ਖ਼ਾਲੀ ਥਾਂਵਾਂ ਵਿੱਚ ਢੁਕਵਾਂ ਸ਼ਬਦ ਭਰੋ:- (4*1=4 ਅੰਕ)

(ਮਨਾਉਣਾ, ਵੱਢ, ਖਾ ਲਓ, ਚਲਾਉਣ, ਬੋਲਿਆ)

ਜਿਵੇਂ: ਮੈਂ ਹੁਣ ਰੁੱਖ ਨਹੀਂ ਵੱਢ ਸਕਦਾ।

1. ਕੰਬਾਈਨ ਨੂੰ ਬੇਰੋਕ......................ਲਈ ਰੁੱਖ ਵੱਢਣ ਦਾ ਇਰਾਦਾ ਬਣਾਇਆ।
2. ਕੁਹਾੜਾ ਧੀਰਜ ਨਾ.ਲ.........................।
3. ਪਹਿਲਾਂ ਰੋਟੀ.........................।
4. ਮੈਂ ਆਪਣਾ ਜਨਮ-ਦਿਨ ਰੁੱਖ ਲਾ ਕੇ...................... ਹੈ।

7) ਹੇਠਾਂ ਦਿੱਤੀ ਤਸਵੀਰ ਬਾਰੇ ਤਿੰਨ ਸਤਰਾਂ ਲਿਖੋ:- (3*2=6 ਅੰਕ)



.........................................................................................................

.........................................................................................................

.........................................................................................................

.........................................................................................................

..........................................................................

8) ਸਕੂਲ ਵਿਚ ਦੇਰੀ ਨਾਲ਼ ਆਉਣ ਕਾਰਨ ਆਪਣੇ ਸਕੂਲ ਦੇ ਮੁੱਖ ਅਧਿਆਪਕ ਨੂੰ ਅਰਜ਼ੀ ਲਿਖੋ।

ਜਾਂ

ਰੁੱਤਾਂ ਦੀ ਮਹੱਤਤਾ ਜਾਂ ਦਿਵਾਲ਼ੀ ਬਾਰੇ ਲੇਖ ਲਿਖੋ। 6 ਅੰਕ

.........................................................................................................

.........................................................................................................

.........................................................................................................

.........................................................................................................

.........................................................................................................

.........................................................................................................

.........................................................................................................

.........................................................................................................

.........................................................................................................

.........................................................................................................

.........................................................................................................

................................................................................

................................................................................................................

................................................................................................................

................................................................................................................

................................................................................................................

................................................................................................................

........................................................................................